ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ,ਪੰਜਾਬ,
ਐਸ. ਸੀ. ਓ ਨੰ. 104 –106, ਸੈਕਟਰ 34 ਏ, ਚੰਡੀਗੜ੍ਹ

ਸੇਵਾ ਵਿਖੇ

1. ਮੰਡਲ ਸਿੱਖਿਆ ਅਫਸਰ, ਜਲੰਧਰ/ਨਾਭਾ/ਫਰੀਦਕੋਟ

2. ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ ਸਿ)

3. ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ ਸਿ)

ਮੀਮੋ ਨੰ ਸਸਅ/ਕੋਆਰਡੀਨੇਸ਼ਨ/09/66233
ਮਿਤੀ ਚੰਡੀਗੜ੍ਹ 08 ਸਤੰਬਰ, 2009

**ਵਿਸ਼ਾ** **ਸਕੂਲਾਂ ਵੱਲੋਂ ਦਫਤਰਾਂ ਵਿੱਚ ਪਹੁੰਚਾਈ ਗਈ ਡਾਕ ਦੀ ਪ੍ਰਾਪਤੀ ਰਸੀਦ ਦੇਣ ਬਾਰੇ ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ।

2.0 ਪਿਛਲੇ ਸਮੇ ਵੱਖ ਵੱਖ ਸਕੂਲਾਂ ਦੇ ਮੁੱਖੀਆਂ ਵੱਲੋਂ ਮੁੱਖ ਦਫਤਰ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ (ਸੈ ਸਿ) ਅਤੇ ਜ਼ਿਲ੍ਹਾ ਸਿੱਖਿਆ ਅਫਸਰ (ਐ ਸਿ) ਵੱਲੋ ਸਕੂਲਾਂ ਤੋਂ ਡਾਕ ਮੰਗਵਾਈ ਜਾਂਦੀ ਹੈ । ਸਕੂਲ ਮੁੱਖੀ ਡਾਕ ਤਿਆਰ ਕਰਨ ਉਪਰੰਤ ਇਹ ਡਾਕ ਪਹੁੰਚਾਉਂਦੇ ਹਨ ਪਰੰਤੂ ਜ਼ਿਲ੍ਹਾ ਸਿੱਖਿਆ ਦਫਤਰਾਂ ਵੱਲੋਂ ਡਾਕ ਪ੍ਰਾਪਤੀ ਦੀ ਕੋਈ ਰਸ਼ੀਦ ਨਹੀਂ ਦਿੱਤੀ ਜਾਂਦੀ । ਕਈ ਵਾਰੀ ਇਹ ਵੀ ਵੇਖਣ ਵਿੱਚ ਆਇਆ ਹੈ ਕਿ ਸਕੂਲ ਮੁੱਖੀਆਂ ਵੱਲੋਂ ਵਾਰ ਵਾਰ ਡਾਕ ਭਿਜਵਾਉਣ ਤੇ ਵੀ ਜ਼ਿਲ੍ਹਾ ਸਿੱਖਿਆ ਅਫਸਰਾਂ ਵੱਲੋਂ ਸਕੂਲ ਮੁੱਖੀ ਦੀ ਹੀ ਜਵਾਬ ਤਲਬੀ ਕੀਤੀ ਜਾਂਦੀ ਹੈ ।

3.0 ਇਸ ਪੂਰੇ ਮੁੱਦੇ ਨੂੰ ਮੁੱਖ ਦਫਤਰ ਵਿੱਚ ਡੂੰਘਾਈ ਵਿੱਚ ਵਿਚਾਰਿਆ ਗਿਆ ਹੈ । ਕੁੱਝ ਇੱਕ ਜ਼ਿਲ੍ਹਾ ਸਿੱਖਿਆ ਅਫਸਰਾਂ ਨਾਲ ਵੀ ਗੱਲ ਬਾਤ ਕੀਤੀ ਗਈ ਹੈ । ਇਹ ਫੈਸਲਾ

ਕੀਤਾ ਗਿਆ ਹੈ ਕਿ ਜਦੋਂ ਕੋਈ ਸਕੂਲ ਮੁੱਖੀ ਕੋਈ ਵੀ ਡਾਕ ਜਾਂ ਪੱਤਰ ਜ਼ਿਲ੍ਹਾ ਸਿੱਖਿਆ ਦਫਤਰ ਪਹੁੰਚਾਓਂਦੇ ਹਨ ਤਾਂ ਇਹ ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ ਦੀ ਜਿੰਮੇਵਾਰੀ ਹੋਵੇਗੀ ਕਿ ਸਕੂਲ ਮੁੱਖੀ ਨੂੰ ਡਾਕ ਪ੍ਰਾਪਤੀ ਦੀ ਰਸ਼ੀਦ ਦਿੱਤੀ ਜਾਵੇ । ਸਕੂਲ ਮੁੱਖੀਆਂ ਨੂੰ ਵੀ ਇਹ ਹਦਾਇਤਾਂ ਕੀਤੀਆ ਜਾਂਦੀਆਂ ਹਨ ਕਿ ਜਿੱਥੇ ਕਿਤੇ ਸਕੂਲ ਮੁੱਖੀ ਨੂੰ ਡਾਕ ਪ੍ਰਾਪਤੀ ਦੀ ਰਸ਼ੀਦ ਨਹੀਂ ਦਿੱਤੀ ਜਾਂਦੀ ਤਾਂ ਉਸ ਦੀ ਸੂਚਨਾ ਮੁੱਖ ਦਫਤਰ ਨੂੰ ਟੈਲੀਫੋਨ ਨੰ 0172-2624673 ਤੇ ਦਿੱਤੀ ਜਾਵੇ ।

4.0 ਉਪਰੋਕਤ ਹਦਾਇਤਾਂ ਦੀ ਇੰਨ ਬਿੰਨ ਪਾਲਨਾ ਕੀਤੀ ਜਾਵੇ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

ਉਤਾਰਾ : 1. ਡੀ.ਐਮ. ਐਮ ਆਈ ਐਸ (ਵੈਬ ਸਾਈਟ ਲਈ)